# ਕੈਨੇਡਾ ਵਿੱਚ ਪੀੜਤਾਂ ਦੇ ਅਧਿਕਾਰ

## ਵਿਕਟਮ ਇੰਮਪੈਕਟ ਸਟੇਟਮੈਂਟ

### ਵਿਕਟਮ ਇੰਮਪੈਕਟ ਸਟੇਟਮੈਂਟ ਕੀ ਹੁੰਦੀ ਹੈ?

ਪੀੜਤ ਪ੍ਰਭਾਵ ਦਾ ਬਿਆਨ (ਵਿਕਟਮ ਇੰਮਪੈਕਟ ਸਟੇਟਮੈਂਟ) ਇੱਕ ਲਿਖਤੀ ਬਿਆਨ ਹੁੰਦਾ ਹੈ ਜੋ ਉਸ ਸਰੀਰਕ ਜਾਂ ਭਾਵਨਾਤਮਕ ਨੁਕਸਾਨ, ਸੰਪਤੀ ਦੇ ਨੁਕਸਾਨ ਜਾਂ ਆਰਥਿਕ ਨੁਕਸਾਨ ਦਾ ਵਰਣਨ ਕਰਦਾ ਹੈ ਜੋ ਕਿਸੇ ਅਪਰਾਧ ਦੇ ਸ਼ਿਕਾਰ ਨੇ ਝੱਲਿਆ ਹੈ। ਅਦਾਲਤ ਲਈ ਕਿਸੇ ਅਪਰਾਧੀ ਨੂੰ ਸਜ਼ਾ ਸੁਣਾਉਣ ਵੇਲੇ ਬਿਆਨ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ।

ਪੀੜਤ ਪ੍ਰਭਾਵ ਬਿਆਨ ਅਪਰਾਧ ਦੇ ਪੀੜਤਾਂ ਨੂੰ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਆਵਾਜ਼ ਦਿੰਦਾ ਹੈ। ਇਹ ਪੀੜਤਾਂ ਨੂੰ ਉਨ੍ਹਾਂ ਦੇ ਆਪਣੇ ਸ਼ਬਦਾਂ ਵਿੱਚ, ਅਦਾਲਤ ਅਤੇ ਅਪਰਾਧੀ ਨੂੰ ਸਮਝਾਉਣ ਦਿੰਦਾ ਹੈ ਕਿ ਅਪਰਾਧ ਨੇ ਉਨ੍ਹਾਂ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ।

### ਪੀੜਤ ਦਾ ਹੱਕ!

*ਕਨੇਡੀਅਨ ਵਿਕਟਿਮਜ਼ ਬਿੱਲ ਆਫ ਰਾਈਟਸ* 23 ਜੁਲਾਈ 2015 ਨੂੰ ਲਾਗੂ ਹੋਇਆ ਸੀ। ਇਹ ਐਕਟ ਹਰ ਪੀੜਤ ਨੂੰ ਪੀੜਤ ਪ੍ਰਭਾਵ ਬਿਆਨ ਪੇਸ਼ ਕਰਨ ਦਾ ਅਧਿਕਾਰ ਦਿੰਦਾ ਹੈ ਅਤੇ ਕਿਸੇ ਦੋਸ਼ੀ ਵਿਅਕਤੀ ਨੂੰ ਸਜ਼ਾ ਸੁਣਾਉਂਦੇ ਸਮੇਂ ਜਾਂ ਅਪਰਾਧਿਕ ਤੌਰ ਤੇ ਜ਼ਿੰਮੇਵਾਰ ਨਾ ਪਾਏ ਗਏ ਵਿਅਕਤੀ ਬਾਰੇ ਹੋਰ ਫੈਸਲੇ ਲੈਣ ਵੇਲੇ ਅਦਾਲਤ ਜਾਂ ਰਿਵਿਊ ਬੋਰਡ ਨੂੰ ਇਸ ਨੂੰ ਧਿਆਨ ਵਿੱਚ ਰੱਖਣ ਦਾ ਅਧਿਕਾਰ ਦਿੰਦਾ ਹੈ। ਇਹ ਅਧਿਕਾਰ ਪੀੜਤ ਦੀ ਭਾਗੀਦਾਰੀ ਦੇ ਅਧਿਕਾਰ ਦਾ ਹਿੱਸਾ ਹਨ।

### ਪੀੜਤ ਪ੍ਰਭਾਵ ਬਿਆਨ ਕੌਣ ਤਿਆਰ ਕਰ ਸਕਦਾ ਹੈ?

ਕੋਈ ਵੀ ਵਿਅਕਤੀ ਜਿਸਨੂੰ ਸਰੀਰਕ ਜਾਂ ਭਾਵਾਤਮਕ ਤੌਰ ਤੇ ਨੁਕਸਾਨ ਪਹੁੰਚਾਇਆ ਗਿਆ ਹੈ, ਜਾਂ ਜਿਸਦੀ ਸੰਪਤੀ ਨੂੰ ਨੁਕਸਾਨ ਪਹੁੰਚਿਆ ਹੈ, ਜਾਂ ਜਿਸਨੇ ਉਨ੍ਹਾਂ ਜਾਂ ਕਿਸੇ ਹੋਰ ਵਿਅਕਤੀ ਦੇ ਵਿਰੁੱਧ ਕੀਤੇ ਗਏ ਅਪਰਾਧ ਦੇ ਨਤੀਜੇ ਵਜੋਂ ਪੈਸੇ ਗੁਆਏ ਹਨ, ਪੀੜਤ ਪ੍ਰਭਾਵ ਬਿਆਨ ਤਿਆਰ ਕਰ ਸਕਦਾ ਹੈ। ਇਸ ਵਿੱਚ ਸਿੱਧਾ ਪੀੜਤ ਅਤੇ ਨਾਲ ਹੀ ਉਹ ਵਿਅਕਤੀ ਸ਼ਾਮਲ ਹੋ ਸਕਦਾ ਹੈ ਜੋ ਕਿਸੇ ਹੋਰ ਵਿਅਕਤੀ ਦੇ ਵਿਰੁੱਧ ਕੀਤੇ ਗਏ ਅਪਰਾਧ ਤੋਂ ਪ੍ਰਭਾਵਿਤ ਹੁੰਦਾ ਹੈ, ਜਿਵੇਂ ਕਿ ਪਰਿਵਾਰਕ ਮੈਂਬਰ ਜਾਂ ਅਜ਼ੀਜ਼।

ਪੀੜਤ ਪ੍ਰਭਾਵ ਦਾ ਬਿਆਨ ਪੀੜਤ ਦੀ ਤਰਫੋਂ ਕੰਮ ਕਰਨ ਵਾਲੇ ਕਿਸੇ ਵਿਅਕਤੀ ਦੁਆਰਾ ਤਿਆਰ ਕੀਤਾ ਜਾ ਸਕਦਾ ਹੈ ਜਿਸ ਵਿੱਚ ਮ੍ਰਿਤਕ ਪੀੜਤਾਂ ਦੇ ਬਚੇ ਹੋਏ ਲੋਕ, ਪੀੜਤ ਬੱਚੇ ਦੇ ਮਾਪੇ ਜਾਂ ਸਰਪ੍ਰਸਤ, ਜਾਂ ਪੀੜਤ ਦਾ ਜੀਵਨ ਸਾਥੀ, ਉਸ ਤੇ ਨਿਰਭਰ ਕਰਨ ਵਾਲਾ ਜਾਂ ਰਿਸ਼ਤੇਦਾਰ ਸ਼ਾਮਲ ਹਨ ਜੋ ਬਿਆਨ ਦੇਣ ਵਿੱਚ ਅਸਮਰੱਥ ਹਨ।



Government of Canada / Gouvernement du Canada
Canada

## ਕੀ ਕੋਈ ਪੀੜਤ ਆਪਣੇ ਪੀੜਤ ਪ੍ਰਭਾਵ ਦੇ ਬਿਆਨ ਨੂੰ ਉੱਚੀ ਪੜ੍ਹ ਕੇ ਸੁਣਾ ਸਕਦਾ/ਦੀ ਹੈ?

ਜੇ ਕੋਈ ਪੀੜਤ ਸਜ਼ਾ ਸੁਣਾਉਣ ਦੀ ਸੁਣਵਾਈ ਵੇਲੇ ਆਪਣੇ ਪੀੜਤ ਪ੍ਰਭਾਵ ਦੇ ਬਿਆਨ ਨੂੰ ਉੱਚੀ ਆਵਾਜ਼ ਵਿੱਚ ਪੜ੍ਹਨਾ ਚਾਹੁੰਦਾ ਹੈ, ਤਾਂ ਅਦਾਲਤ ਲਈ ਇਸ ਦੀ ਆਗਿਆ ਦੇਣਾ ਜ਼ਰੂਰੀ ਹੈ। ਅਦਾਲਤ ਪੀੜਤ ਨੂੰ ਪੀੜਤ ਪ੍ਰਭਾਵ ਬਿਆਨ ਨੂੰ ਕਿਸੇ ਹੋਰ ਢੰਗ ਨਾਲ ਪੇਸ਼ ਕਰਨ ਦੀ ਇਜਾਜ਼ਤ ਦੇਣ ਦੀ ਚੋਣ ਵੀ ਕਰ ਸਕਦੀ ਹੈ, ਜਿਵੇਂ ਕਿ ਪਹਿਲਾਂ ਤੋਂ ਰਿਕਾਰਡ ਕੀਤਾ ਗਿਆ ਵੀਡੀਓ।

ਪੀੜਤ ਵੀ ਆਪਣਾ ਬਿਆਨ ਪੜ੍ਹਨ ਲਈ ਕਹਿ ਸਕਦਾ ਹੈ:

- ਜਦੋਂ ਉਸ ਦੁਆਰਾ ਚੁਣਿਆ ਹੋਇਆ ਕੋਈ ਸਹਾਇਤਾ ਕਰਨ ਵਾਲਾ ਵਿਅਕਤੀ ਉਸਦੇ ਨੇੜੇ ਹੈ;
- ਜਦੋਂ ਉਹ ਸਕ੍ਰੀਨ ਦੇ ਪਿੱਛੇ ਹੈ; ਜਾਂ
- ਕਲੋਜ਼ਡ-ਸਰਕਟ ਟੈਲੀਵਿਜ਼ਨ ਦੁਆਰਾ ਕੋਰਟਰੂਮ ਦੇ ਬਾਹਰ ਤਾਂ ਜੋ ਉਸਨੂੰ ਅਪਰਾਧੀ ਨੂੰ ਨਾ ਵੇਖਣਾ ਪਵੇ।

## ਪੀੜਤ ਪ੍ਰਭਾਵ ਬਿਆਨ ਵਿੱਚ ਕੀ ਸ਼ਾਮਲ ਕੀਤਾ ਜਾ ਸਕਦਾ ਹੈ?

ਪੀੜਤ ਪ੍ਰਭਾਵ ਬਿਆਨ ਮਿਆਰੀ ਵਿਕਟਿਮ ਇੰਮਪੈਕਟ ਸਟੇਟਮੈਂਟ ਫਾਰਮ ਤੇ ਤਿਆਰ ਕੀਤਾ ਜਾਣਾ ਚਾਹੀਦਾ ਹੈ ਜੋ ਸਾਰੇ ਸੂਬਿਆਂ ਅਤੇ ਪ੍ਰਦੇਸ਼ਾਂ ਵਿੱਚ ਵਰਤਿਆ ਜਾਂਦਾ ਹੈ। ਇਹ ਵਰਣਨ ਕਰ ਸਕਦਾ ਹੈ ਕਿ ਅਪਰਾਧ ਨੇ ਪੀੜਤ ਨੂੰ ਭਾਵਨਾਤਮਕ, ਸਰੀਰਕ ਅਤੇ ਆਰਥਿਕ ਤੌਰ 'ਤੇ ਕਿਵੇਂ ਪ੍ਰਭਾਵਿਤ ਕੀਤਾ ਹੈ ਅਤੇ ਨਾਲ ਹੀ ਪੀੜਤ ਨੂੰ ਉਸਦੀ ਸੁਰੱਖਿਆ ਜਾਂ ਪਰਿਵਾਰ ਅਤੇ ਦੋਸਤਾਂ ਦੀ ਸੁਰੱਖਿਆ ਬਾਰੇ ਕੋਈ ਡਰ ਹੈ। ਪੀੜਤ ਇਹ ਦੱਸਣ ਲਈ ਕਿ ਅਪਰਾਧ ਨੇ ਪੀੜਤ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ, ਇੱਕ ਡਰਾਇੰਗ, ਕਵਿਤਾ ਜਾਂ ਚਿੱਠੀ ਸ਼ਾਮਲ ਕਰ ਸਕਦਾ ਹੈ।

ਪੀੜਤ ਅਪਰਾਧ ਤੋਂ ਪਹਿਲਾਂ ਖਿੱਚੀ ਗਈ ਆਪਣੀ ਫੋਟੋ ਲਿਆ ਸਕਦਾ ਹੈ ਜਦੋਂ ਕਿ ਪੀੜਤ ਆਪਣਾ ਜਾਂ ਉਸ ਦੇ ਪੀੜਤ ਪ੍ਰਭਾਵ ਦਾ ਬਿਆਨ ਪੇਸ਼ ਕਰਦਾ ਹੈ, ਜਦੋਂ ਤੱਕ ਅਦਾਲਤ ਇਹ ਨਹੀਂ ਸੋਚਦੀ ਕਿ ਇਹ ਕਾਰਵਾਈ ਵਿੱਚ ਵਿਘਨ ਪਾਏਗੀ। ਜੇ ਕਿਸੇ ਪੀੜਤ ਦੀ ਤਰਫੋਂ ਕੰਮ ਕਰਨ ਵਾਲਾ ਕੋਈ ਵਿਅਕਤੀ ਪੀੜਤ ਪ੍ਰਭਾਵ ਦਾ ਬਿਆਨ ਪੇਸ਼ ਕਰਦਾ ਹੈ, ਤਾਂ ਉਹ ਵਿਅਕਤੀ ਆਪਣੀ ਪੇਸ਼ਕਾਰੀ ਦੇ ਦੌਰਾਨ ਅਪਰਾਧ ਤੋਂ ਪਹਿਲਾਂ ਲਈ ਗਈ ਪੀੜਤ ਦੀ ਤਸਵੀਰ ਦਿਖਾ ਸਕਦਾ ਹੈ, ਜਦੋਂ ਤੱਕ ਅਦਾਲਤ ਇਹ ਨਹੀਂ ਸੋਚਦੀ ਕਿ ਇਹ ਕਾਰਵਾਈ ਵਿੱਚ ਵਿਘਨ ਪਾਵੇਗੀ।

## ਪੀੜਤ ਪ੍ਰਭਾਵ ਬਿਆਨ ਕਿਵੇਂ ਜਮ੍ਹਾਂ ਕੀਤਾ ਜਾ ਸਕਦਾ ਹੈ?

ਪੀੜਤ ਪ੍ਰਭਾਵ ਬਿਆਨ ਜਮ੍ਹਾਂ ਕਰਾਉਣ ਲਈ ਹਰੇਕ ਪ੍ਰਾਂਤ ਅਤੇ ਪ੍ਰਦੇਸ਼ ਦੀ ਆਪਣੀ ਵਿਧੀ ਹੁੰਦੀ ਹੈ। ਪੁਲਿਸ, ਵਿਕਟਿਮ ਸਰਵਿਸਿਜ਼ ਜਾਂ ਸਰਕਾਰੀ ਵਕੀਲ ਪੀੜਤ ਨੂੰ ਵਿਕਟਿਮ ਇੰਮਪੈਕਟ ਸਟੇਟਮੈਂਟ ਫਾਰਮ ਦੇ ਸਕਦਾ ਹੈ। ਪੀੜਤ ਨੂੰ ਕਿਸੇ ਪ੍ਰਾਂਤ ਜਾਂ ਪ੍ਰਦੇਸ਼ ਵਿੱਚ ਵਿਕਟਿਮ ਇੰਮਪੈਕਟ ਸਟੇਟਮੈਂਟ ਪ੍ਰੋਗਰਾਮ ਰਾਹੀਂ ਫਾਰਮ ਭਰਨ ਵਿੱਚ ਸਹਾਇਤਾ ਪ੍ਰਾਪਤ ਹੋ ਸਕਦੀ ਹੈ। ਪੀੜਤ ਨੂੰ ਪੂਰਾ ਕੀਤਾ ਫਾਰਮ ਵਿਕਟਿਮ ਸਰਵਿਸਿਜ਼, ਸਰਕਾਰੀ ਵਕੀਲ ਜਾਂ ਅਦਾਲਤ ਦੇ ਕਲਰਕ ਨੂੰ ਵਾਪਸ ਕਰਨਾ ਚਾਹੀਦਾ ਹੈ।

ਕਿਸੇ ਅਪਰਾਧੀ ਦੀ ਸਜ਼ਾ ਦਾ ਫੈਸਲਾ ਕਰਨ ਤੋਂ ਪਹਿਲਾਂ, ਅਦਾਲਤ ਲਈ ਇਹ ਪੁੱਛਣਾ ਜ਼ਰੂਰੀ ਹੈ ਕਿ ਕੀ ਪੀੜਤ ਨੂੰ ਪੀੜਤ ਪ੍ਰਭਾਵ ਬਿਆਨ ਤਿਆਰ ਕਰਨ ਦਾ ਮੌਕਾ ਦਿੱਤਾ ਗਿਆ ਹੈ? ਅਦਾਲਤ ਪੀੜਤ ਨੂੰ ਪੀੜਤ ਪ੍ਰਭਾਵ ਬਿਆਨ ਤਿਆਰ ਕਰਨ ਦੀ ਇਜਾਜ਼ਤ ਦੇਣ ਲਈ ਸਜ਼ਾ ਦੀ ਕਾਰਵਾਈ ਮੁਲਤਵੀ ਕਰ ਸਕਦੀ ਹੈ।

ਅਪਰਾਧੀ ਜਾਂ ਉਨ੍ਹਾਂ ਦੇ ਵਕੀਲ ਨੂੰ ਪੂਰੇ ਕੀਤੇ ਗਏ ਵਿਕਟਿਮ ਇੰਮਪੈਕਟ ਸਟੇਟਮੈਂਟ ਫਾਰਮ ਦੀ ਇੱਕ ਕਾਪੀ ਪ੍ਰਾਪਤ ਹੁੰਦੀ ਹੈ ਅਤੇ ਉਹ ਬਿਆਨ ਬਾਰੇ ਪੀੜਤ ਤੋਂ ਪੁੱਛਗਿੱਛ ਕਰ ਸਕਦਾ ਹੈ।

## ਕੀ ਪੀੜਤ ਪ੍ਰਭਾਵ ਦੇ ਬਿਆਨ ਹੋਰ ਸੁਣਵਾਈਆਂ ਵਿਖੇ ਪੇਸ਼ ਕੀਤੇ ਜਾ ਸਕਦੇ ਹਨ?

ਜਦੋਂ ਦੋਸ਼ੀ ਵਿਅਕਤੀ ਮਾਨਸਿਕ ਵਿਗਾੜ ਦੇ ਕਾਰਨ ਅਪਰਾਧਿਕ ਤੌਰ ਤੇ ਜ਼ਿੰਮੇਵਾਰ ਨਹੀਂ ਪਾਇਆ ਜਾਂਦਾ, ਤਾਂ ਅਦਾਲਤ ਜਾਂ ਰਿਵਿਊ ਬੋਰਡ ਉਨ੍ਹਾਂ ਲਈ ਸਹੀ ਕਾਰਵਾਈ ਦਾ ਫੈਸਲਾ ਕਰਦਾ ਹੈ। *ਕ੍ਰਿਮੀਨਲ* ਕੋਡ ਕਹਿੰਦਾ ਹੈ ਕਿ ਅਜਿਹੀਆਂ ਸੁਣਵਾਈਆਂ ਦੌਰਾਨ ਅਦਾਲਤ ਜਾਂ ਰਿਵਿਊ ਬੋਰਡ ਲਈ ਪੀੜਤ ਪ੍ਰਭਾਵ ਦੇ ਬਿਆਨ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ। ਪੀੜਤਾਂ ਨੂੰ ਅਜਿਹੀਆਂ ਸੁਣਵਾਈਆਂ ਬਾਰੇ ਦੱਸੇ ਜਾਣ ਦਾ ਅਧਿਕਾਰ ਹੈ ਅਤੇ ਉਹ ਆਪਣੇ ਬਿਆਨ ਨੂੰ ਉੱਚੀ ਆਵਾਜ਼ ਵਿੱਚ ਪੜ੍ਹ ਸਕਦੇ ਹਨ। ਪੀੜਤ ਕ੍ਰਿਮੀਨਲ ਕੋਡ ਵਿੱਚ ਵਿਕਟਿਮ ਇੰਮਪੈਕਟ ਸਟੇਟਮੈਂਟ ਫਾਰਮ ਦੀ ਵਰਤੋਂ ਕਰ ਸਕਦੇ ਹਨ ਜਾਂ ਉਸ ਪ੍ਰਾਂਤ ਜਾਂ ਪ੍ਰਦੇਸ਼ ਦੁਆਰਾ ਬਣਾਏ ਗਏ ਫਾਰਮ ਦੀ ਵਰਤੋਂ ਕਰ ਸਕਦੇ ਹਨ ਜਿੱਥੇ ਸੁਣਵਾਈ ਹੋ ਰਹੀ ਹੈ।

ਕਤਲ ਦੇ ਪੀੜਤਾਂ ਦੇ ਬਚੇ ਹੋਏ ਲੋਕ ਇੱਕ ਹੋਰ ਕਿਸਮ ਦਾ ਪੀੜਤ ਪ੍ਰਭਾਵ ਬਿਆਨ ਪੇਸ਼ ਕਰ ਸਕਦੇ ਹਨ। ਇਸਦੀ ਲੋੜ ਉਦੋਂ ਹੁੰਦੀ ਹੈ ਜਦੋਂ ਇੱਕ ਅਪਰਾਧੀ ਜਿਸਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਜਾਂਦੀ ਹੈ, ਉਹ *ਕ੍ਰਿਮੀਨਲ* ਕੋਡ ਦੀ ਧਾਰਾ 745 ਦੇ ਅਧੀਨ ਪੈਰੋਲ ਦੀ ਉਡੀਕ ਕਰਨ ਲਈ ਸਮਾਂ ਘਟਾਉਣ ਲਈ ਅਰਜ਼ੀ ਦਿੰਦਾ ਹੈ। ਕ੍ਰਿਮੀਨਲ ਕੋਡ ਕਹਿੰਦਾ ਹੈ ਕਿ ਅਦਾਲਤ ਪੀੜਤਾਂ ਦੇ ਬਚੇ ਹੋਏ ਲੋਕਾਂ ਦੁਆਰਾ ਇਨ੍ਹਾਂ ਸੁਣਵਾਈਆਂ ਦੌਰਾਨ ਮੁਹੱਈਆ ਕੀਤੀ ਗਈ ਕਿਸੇ ਵੀ ਜਾਣਕਾਰੀ ਨੂੰ ਧਿਆਨ ਵਿੱਚ ਰੱਖੇਗੀ। ਜੇ ਉਹ ਚਾਹੁਣ ਤਾਂ ਪੀੜਤ ਆਪਣੇ ਬਿਆਨ ਨੂੰ ਉੱਚੀ ਆਵਾਜ਼ ਵਿੱਚ ਪੜ੍ਹ ਸਕਦੇ ਹਨ।

ਪੀੜਤ, ਪੀੜਤ ਦੇ ਬਿਆਨ, ਪੈਰੋਲ ਬੋਰਡ ਆਫ਼ ਕੈਨੇਡਾ ਦੀ ਸੁਣਵਾਈ ਵਿੱਚ ਉੱਚੀ ਆਵਾਜ਼ ਵਿੱਚ ਜਾਂ ਲਿਖਤੀ ਰੂਪ ਵਿੱਚ, ਪੇਸ਼ ਵੀ ਕਰ ਸਕਦੇ ਹਨ। **Canada.ca/victims** ਤੇ ਜਾਕੇ ਪੈਰੋਲ ਬੋਰਡ ਸੁਣਵਾਈ ਵਿੱਚ ਬਿਆਨ ਦੇਣ ਬਾਰੇ ਹੋਰ ਜਾਣੋ।

## ਹੋਰ ਜਾਣਕਾਰੀ ਕਿੱਥੇ ਉਪਲਬਧ ਹੈ?

ਜੇ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ, ਅਪਰਾਧ ਦਾ ਸ਼ਿਕਾਰ ਹੋਇਆ ਹੈ, ਤਾਂ ਮਦਦ ਉਪਲਬਧ ਹੈ। ਸਾਰੇ ਸੂਬੇ ਅਤੇ ਪ੍ਰਦੇਸ਼ ਅਪਰਾਧ ਦੇ ਪੀੜਤਾਂ ਲਈ ਸੇਵਾਵਾਂ ਪੇਸ਼ ਕਰਦੇ ਹਨ। ਜੇ ਤੁਹਾਨੂੰ ਜਾਣਕਾਰੀ ਜਾਂ ਹੋਰ ਸਹਾਇਤਾ ਦੀ ਲੋੜ ਹੋਵੇ ਤਾਂ ਉਹ ਤੁਹਾਡੀ ਮਦਦ ਕਰ ਸਕਦੇ ਹਨ। ਵਿਕਟਿਮ ਸਰਵਿਸਿਜ਼ ਡਾਇਰੈਕਟਰੀ ਤੁਹਾਡੇ ਨੇੜੇ ਪੀੜਤ ਸੇਵਾਵਾਂ ਨੂੰ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ:

**http://www.justice.gc.ca/eng/cj-jp/victims-victimes/vsd-rsv/index.html**

© ਕੈਨੇਡਾ ਦੇ ਅਧਿਕਾਰ ਵਿੱਚ ਮਹਾਰਾਣੀ, ਜਿਹਨਾਂ ਦੀ ਕੈਨੇਡਾ ਦੇ ਨਿਆਂ ਮੰਤਰੀ ਅਤੇ ਅਟਾਰਨੀ ਜਨਰਲ ਦੁਆਰਾ ਨੁਮਾਇੰਦਗੀ ਕੀਤੀ ਗਈ, 2015

ISBN 978-0-660-44818-3
Cat. No. J2-412/4-2023Pan-PDF